# KARANJEET KOMAL DI KAVI PUSTAK 'BARKAT': JINDGI DI HONND DA JASHAN

# ਕਰਨਜੀਤ ਕੋਮਲ ਦੀ ਕਾਵਿ-ਪੁਸਤਕ 'ਬਰਕਤ' : ਜ਼ਿੰਦਗੀ ਦੀ ਹੋਂਦ ਦਾ ਜਸ਼ਨ

**ਡਾ. ਸਿਮਰਨਜੀਤ ਸਿੰਘ** (Dr. Simranjeet Singh)

**ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ,**

**ਪੋਸਟ ਗ੍ਰੈਜੂਏਟ, ਪੰਜਾਬੀ ਵਿਭਾਗ,**

**ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ (ਹਿਮਾਚਲ ਪ੍ਰਦੇਸ਼)**

**Email ID: Simar1313@gmail.com ਮੋਬਾਈਲ: +91-78073-02105**

**ਸਾਰ (Abstract)**

*ਹੱਥਲੇ ਖੋਜ-ਪੱਤਰ ਵਿਚ ਨੌਜਵਾਨ ਉੱਭਰਦੇ ਕਵੀ 'ਕਰਨਜੀਤ ਕੋਮਲ' ਦੇ ਪਲੇਠੇ ਕਾਵਿ-ਸੰਗ੍ਰਹਿ 'ਬਰਕਤ' ਵਿਚਲੀਆਂ ਕਵਿਤਾਵਾਂ ਦੇ ਆਧਾਰ 'ਤੇ ਕਵੀ ਦੀ ਵਿਚਾਰਧਾਰਕ ਚੇਤਨਾ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸੰਗ੍ਰਹਿ ਦੀਆਂ ਸਮੁੱਚੀਆਂ ਕਵਿਤਾਵਾਂ ਦਾ ਕੇਂਦਰੀ ਧੁਰਾ ਜ਼ਿੰਦਗੀ ਦਾ ਜਸ਼ਨ ਹੈ। ਇਹ ਕੋਮਲ ਦੀ ਕਵਿਤਾ ਦੀ ਨਿਵੇਕਲਤਾ ਅਤੇ ਸੱਜਰਾਪਣ ਹੈ ਕਿ ਅੱਜ ਜਦੋਂ ਮਨੁੱਖ ਵਸਤ-ਵਰਤਾਰਿਆਂ ਦੀ ਹੋੜ ਵਿਚ ਉਲਝਿਆ ਜ਼ਿੰਦਗੀ ਪ੍ਰਤੀ ਗਿਲ੍ਹੇ-ਸ਼ਿਕਵੇ ਜ਼ਾਹਰ ਕਰਦਾ ਹੈ ਤਾਂ ਬਰਕਤ ਵਿਚਲੀਆਂ ਕਵਿਤਾਵਾਂ ਇਸ ਦੇ ਸਮਾਨਾਂਤਰ ਭਵਿੱਖ ਪ੍ਰਤੀ ਹਾਂ-ਮੁਖੀ ਪ੍ਰਵਚਨ ਉਸਾਰਦੀਆਂ ਹਨ। ਅਜੋਕੇ ਸਮਾਂ ਘੋਰ ਨਿਰਾਸ਼ਾ ਦਾ ਸਮਾਂ ਹੈ ਅਜਿਹੇ ਸਮੇਂ ਵਿਚ ਕੋਮਲ ਦੀਆਂ ਕਵਿਤਾਵਾਂ ਮਨੁੱਖ ਨੂੰ ਆਸਵੰਤ ਰਹਿਣ ਦੇ ਨਾਲ-ਨਾਲ ਸਬਰ-ਸੰਤੋਖ ਦੇ ਅੰਤਰਗਤ ਰੱਜ ਅਤੇ ਸ਼ੁਕਰ ਦੇ ਸੋਹਿਲੇ ਗਾਉਂਦੀਆਂ ਹਨ ਜਿਸਦੀ ਨਿਸ਼ਾਨਦੇਹੀ ਸਮੁੱਚੇ ਖੋਜ-ਪੱਤਰ ਵਿਚ ਕਵਿਤਾ ਦੇ ਹਵਾਲੇ ਨਾਲ ਕੀਤੀ ਗਈ ਹੈ।*

***ਕੀਵਰਡ (Keyword): ਕਰਨਜੀਤ ਕੋਮਲ, ਕਾਵਿ-ਸੰਗ੍ਰਹਿ, ਬਰਕਤ, ਜ਼ਿੰਦਗੀ, ਜਸ਼ਨ, ਕੁਦਰਤ, ਦ੍ਰਿਸ਼ਟੀਕੋਣ।***

ਮੁੱਢ ਤੋਂ ਲੈ ਕੇ ਸਮਕਾਲ ਤੱਕ ਅੱਜ ਵੀ ਕਵਿਤਾ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਕਰਨ ਵਿਚ ਮੋਹਰੀ ਹੋਣ ਦੇ ਨਾਲ-ਨਾਲ ਹਰਮਨ ਪਿਆਰਾ ਸਾਹਿਤ ਰੂਪ ਰਹੀ ਹੈ, ਫਿਰ ਚਾਹੇ ਇਹ ਨਜ਼ਮ ਜਾਂ ਗ਼ਜ਼ਲ ਦੇ ਰੂਪ ਵਿਚ ਕਵੀ ਦਰਬਾਰਾਂ ਦਾ ਸ਼ਿੰਗਾਰ ਰਹੀ ਹੋਵੇ ਜਾਂ ਆਪਣੇ ਪਿਆਰੇ ਦੇ ਨਾਂ ਲਿਖੇ ਖ਼ਤ ਵਿਚਲੇ ਸ਼ੇਅਰ ਹੋਣ ਜਾਂ ਫਿਰ ਗੀਤ ਬਣ ਕੇ ਪਿੰਡ ਦੇ ਬਨੇਰਿਆਂ 'ਤੇ ਗੂੰਜਦੀ ਰਹੀ ਹੋਵੇ। ਪੰਜਾਬੀ ਸਾਹਿਤ ਦੇ ਇਤਿਹਾਸ ਉੱਪਰ ਨਿਗ੍ਹਾ ਮਾਰਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰੌੜ ਅਵਸਥਾ ਵਿਚ ਲੇਖਕ ਕਿਸੇ ਵੀ ਸਿਨਫ਼ ਨੂੰ ਪੱਕੇ ਪੈਰੀਂ ਅਪਣਾ ਲਏ ਪਰ ਆਪਣੇ ਅੱਲ੍ਹੜ ਵਰੇਸ ਦੇ ਸ਼ੁਰੂਆਤੀ ਦੌਰ ਵਿਚ ਤਕਰੀਬਨ ਸਾਰੇ ਲੇਖਕ ਕਵਿਤਾ ਹੀ ਝਰੀਟਦੇ ਰਹੇ ਹਨ। ਸਮੇਂ ਦੇ ਹਰ ਦੌਰ ਵਿਚ ਜਿੱਥੇ ਪੁਰਾਣੇ ਕਵੀ ਆਪਣੀ ਕਵਿਤਾ ਬਰਕਰਾਰ ਰੱਖਦੇ ਹਨ ਉੱਥੇ ਨਾਲ ਹੀ ਬਹੁਤ ਸਾਰੇ ਨਵੇਂ ਕਵੀ ਵੀ ਕਵਿਤਾ ਦੇ ਇਸ ਪਿੜ ਵਿਚ ਆਪਣੀ ਪਾਰੀ ਦੀ ਸ਼ੁਰੂਆਤ ਕਰਦੇ ਹਨ ਪਰ ਕੋਈ ਵਿਰਲੇ-ਟਾਂਵੇ ਹੀ ਇਸ ਮੈਦਾਨ ਵਿਚ ਟਿਕ ਪਾਉਣ ਦੇ ਨਾਲ-ਨਾਲ ਆਪਣੀ ਨਿਵੇਕਲੀ ਸ਼ੈਲੀ ਸਦਕਾ ਵੱਖਰੀ ਪਛਾਣ ਬਣਾਉਂਦੇ ਹਨ। ਸਮਕਾਲ ਵਿਚ ਕਰਨਜੀਤ ਕੋਮਲ ਆਪਣੀ ਪਲੇਠੀ ਕਾਵਿ ਪੁਸਤਕ 'ਬਰਕਤ' ਸਦਕਾ ਅਜਿਹੇ ਕਵੀਆਂ ਦੀ ਕਤਾਰ ਵਿਚ ਸ਼ੁਮਾਰ ਹੁੰਦਾ ਹੈ। ਕੋਮਲ ਇਕੱਲੀ ਕਵਿਤਾ ਹੀ ਨਹੀਂ ਲਿਖਦਾ ਸਗੋਂ ਨਾਲੋ-ਨਾਲ ਕਾਵਿ ਸਿਰਜਨ ਪ੍ਰਕਿਰਿਆ ਅਤੇ ਕਵਿਤਾ ਦੀ ਪਰਿਭਾਸ਼ਾ ਨਾਲ ਵੀ ਆਪਣਾ ਸੰਵਾਦ ਰਚਾਉਂਦਾ ਹੈ। ਕੋਮਲ ਆਪਣੇ ਕਾਵਿ ਅਨੁਭਵ ਵਿਚੋਂ ਕਵਿਤਾ ਦੇ ਸੁਭਾਅ ਦੀ ਨਵੀਂ ਪਰਿਭਾਸ਼ਾ ਸਿਰਜਦਾ ਆਖਦਾ ਹੈ ਕਿ, *"ਕਵਿਤਾ ਲੱਭਦੀ ਨਹੀਂ, ਮਿਲਦੀ ਹੈ ਆਪੇ, ਸਹਿਜ-ਸੁਭਾਅ। ਕਵਿਤਾ ਚੁਣਦੀ ਹੈ ਆਪਣੇ ਰਚੇਤੇ ਨੂੰ। ਜਿਵੇਂ ਇਸ਼ਕ ਆਸ਼ਿਕ ਨੂੰ ਚੁਣਦਾ ਹੈ। ਜਿਵੇਂ ਰੱਬ ਫ਼ਕੀਰ ਨੂੰ ਚੁਣਦਾ ਹੈ। ਜਿਵੇਂ ਮਿਹਰ, ਸਿਜਦੇ 'ਚ ਝੁਕੇ ਸਵਾਲੀ ਨੂੰ ਚੁਣਦੀ ਹੈ। ਇਵੇਂ ਹੀ ਕਵਿਤਾ ਚੁਣਦੀ ਹੈ ਆਪਣੇ ਕਵੀ ਨੂੰ।"* [1] ਸੋ ਕੋਮਲ ਦਾ ਨਿੱਜੀ ਅਨੁਭਵ ਇਹ ਹੈ ਕਿ ਕਵੀ ਕਵਿਤਾ ਨੂੰ ਨਹੀਂ ਲਿਖਦਾ ਬਲਕਿ ਕਵਿਤਾ ਕਵੀ ਨੂੰ ਖੁਦ-ਬ-ਖੁਦ ਆ ਮਿਲਦੀ ਹੈ ਤੇ ਉਸਦੇ ਆਉਣ ਸਦਕਾ ਸਭ ਕੁਝ ਨਵਾਂ-ਨਰੋਆ ਤੇ ਤਰੋ-ਤਾਜ਼ਾ ਹੋ ਜਾਂਦਾ ਹੈ ਤਾਂ ਹੀ ਉਹ ਆਖਦਾ ਕਿ *"ਮੇਰੇ ਲਈ ਓਹ ਨਜ਼ਰ ਹੀ ਬਰਕਤ ਹੈ, ਜਿਹਦੇ 'ਚ ਸਭ ਕੁਝ ਨਵਾਂ-ਨਰੋਇਆ ਹੁੰਦਾ ਰਹਿੰਦਾ ਹੈ।"* [2] ਉਸਦੀ ਕਵਿਤਾ ਰਚਣ ਦੀ ਪ੍ਰਕਿਰਿਆ ਉਸਦੀ ਕਵਿਤਾ ਵਿਚੋਂ ਸਾਫ਼ ਝਲਕਦੀ ਹੈ, ਜਿਸਦੀ ਤਹਿ ਪਿੱਛੇ ਲੁਕੀਆਂ ਉਸਦੀ ਮਾਂ ਦੀਆਂ ਬਰਕਤਾਂ, ਹੱਥੀਂ ਕਿਰਤ ਕਰਨ ਦੇ ਮੈਟਾਫਰ ਵਜੋਂ ਉਜਾਗਰ ਹੁੰਦੀਆਂ ਹਨ-

*ਮਾਂ ਨੇ*

*ਲੋਕਾਂ ਦੇ ਕੱਪੜੇ ਹੀ ਨਹੀਂ ਸੀਤੇ*

*ਮੇਰੀ ਕਿਸਮਤ ਵੀ ਸੀਤੀ*

*ਸੂਈ-ਧਾਗੇ ਨੂੰ ਭਾਗ ਲੱਗੇ*

*ਤਾਂ ਕਲਮਾਂ ਬੋਲੀਆਂ*

*ਕਵਿਤਾਵਾਂ ਲਿਖੀਆਂ ਗਈਆਂ*

*ਗੀਤ ਗਾਏ ਗਏ*

*ਇਹ ਮਾਂ ਦੇ ਹੱਥਾਂ ਦੀ ਬਰਕਤ ਹੈ ...*[3]

ਇਕ ਕਵਿਤਾ ਦੇ ਹਵਾਲੇ ਨਾਲ ਕੋਮਲ ਆਖਦਾ ਕਿ ਕਵਿਤਾ ਲਿਖਣਾ ਇਕ ਹੁਨਰ ਹੀ ਨਹੀਂ ਸਗੋਂ ਇਹ ਰੱਬੀ ਬਰਕਤ ਹੈ, ਜਿਸ ਦੇ ਹੋਣ 'ਤੇ ਕਵੀ ਆਪਣੇ-ਆਪ ਨੂੰ ਲੱਭਦਾ ਹੈ–

*ਕਵਿਤਾ ਲਿਖਣਾ*

*ਅੰਨ੍ਹੀ ਭੀੜ ਵਿਚੋਂ*

*ਆਪਣੇ ਆਪ ਨੂੰ*

*ਲੱਭ ਲੈਣ ਦਾ ਹੁਨਰ ਹੈ*

*ਜੋ*

*ਕਵਿਤਾ ਆਪ ਸਿਖਾਉਂਦੀ ਹੈ ...*[4]

ਸਮੁੱਚੀ ਪੁਸਤਕ ਵਿਚ 'ਬਰਕਤ' ਮਨੁੱਖੀ ਹੋਂਦ ਦਾ ਜਸ਼ਨ ਹੈ, ਇਹ ਜ਼ਿੰਦਗੀ ਦੇ ਜਸ਼ਨ ਦੀ ਕਵਿਤਾ ਹੈ। ਇਸ ਵਿਚ ਕਿਸੇ ਧਿਰ ਲਈ ਹੇਰਵਾ, ਰੁਦਨ, ਤਾਹਨੇ-ਮਿਹਣੇ, ਖੁੱਸਣ, ਗਵਾਚਣ, ਭੁੱਲਣ-ਵਿੱਸਰਣ ਦਾ ਕੋਈ ਸ਼ਿਕਵਾ ਜਾਂ ਉਲਾਂਭਾ ਨਹੀਂ। ਇਹ ਤਾਂ ਬੱਸ ਅੱਜ ਨੂੰ ਜਿਓਣ ਦੀ ਹਾਮੀ ਭਰਦੀ ਹੈ, ਹੁਣ ਨੂੰ ਕਲਾਵੇ ਵਿਚ ਬੰਨ੍ਹਣ ਦੀ ਥਾਂ ਮੁੱਠੀ ਖੋਲ੍ਹ ਕੇ ਜਿਓਣ ਦਾ ਸੁਨੇਹਾ ਦਿੰਦੀ ਹੋਈ ਬੰਦੇ ਨੂੰ ਇਹ ਤਾਕੀਦ ਕਰਦੀ ਹੈ ਕਿ ਜੇਕਰ ਉਸਤੋਂ ਅੱਜ ਖੁੱਸ ਗਈ ਤਾਂ ਸਮਝੋ ਉਸਦੀ ਜ਼ਿੰਦਗੀ ਦਾ ਇਕ ਹਿੱਸਾ ਭੁਰ ਗਿਆ, ਜੋ ਪਰਤ ਕੇ ਵਾਪਸ ਨਹੀਂ ਆਉਣਾ ! ਇਹ ਜ਼ਿੰਦਗੀ ਨੂੰ ਭਰਪੂਰ ਜਿਉਣ ਦੀ ਤਾਂਘ ਹੈ, ਜ਼ਿੰਦਗੀ ਜਿਉਣ ਵੱਲ ਪੁੱਟਿਆ ਗਿਆ ਨਵਾਂ ਕਦਮ ਹੈ ਜਿਸ ਵਿਚ ਬੀਤ ਚੁੱਕੀ ਕੱਲ੍ਹ ਲਈ ਕੋਈ ਸ਼ਿਕਵਾ ਨਹੀਂ ਤੇ ਨਾ ਹੀ ਆਉਣ ਵਾਲੇ ਕੱਲ੍ਹ ਬਾਰੇ ਕੋਈ ਚਿੰਤਾ ਹੈ, ਬਲਕਿ ਇਹ ਤਾਂ ਹੋਂਦ ਦਾ ਜਸ਼ਨ ਹੈ, ਮਸਲਨ -

*ਨੀ ਰੁੱਤ ਰੰਗੀਏ*

*ਨਾ ਸੰਗੀਏ, ਮੰਗੀਏ*

*ਪੌਣਾਂ ਕੋਲੋਂ ਹੁਲਾਰੇ ਨੀਂ*

*ਮੈਂ ਤੇਰੇ ਵਿਚ ਜਗਣਾ, ਜਗਦੇ*

*ਜਿਉਂ ਅਰਸ਼ਾਂ ਵਿਚ ਤਾਰੇ ਨੀਂ*

*ਧੁੱਪ ਸ਼ਿੰਗਾਰੇ*

*ਛਾਂ ਪੁਕਾਰੇ*

*ਧਰਤੀ ਭਰੇ ਹੁੰਗਾਰੇ ਨੀਂ ...*

*ਰੀਝ ਦਾ ਮੋਚਾ ਕੀਕਣ ਦੱਸੀਏ*

*ਕੀਕਣ ਦੱਸੀਏ ਭਾਅ ਕੁੜੇ*

*ਇਕ ਇਕ ਤੇਰੇ ਬੋਲ ਦਾ ਸਾਨੂੰ*

*ਅੰਬਰ ਜੇਡਾ ਚਾਅ ਕੁੜੇ ...*[5]

ਸਮੁੱਚੀ ਪੁਸਤਕ ਵਿਚਲੀ ਕਵਿਤਾ ਅੰਦਰ ਕਰਨਜੀਤ ਕੋਮਲ 'ਬਰਕਤ' ਨੂੰ ਵੱਖ-ਵੱਖ ਕੋਣਾਂ ਤੋਂ ਦੇਖਦਾ ਹੀ ਨਹੀਂ ਸਗੋਂ ਉਸਨੂੰ ਪ੍ਰਭਾਸ਼ਿਤ ਵੀ ਕਰਦਾ ਹੈ। ਉਸਦੀ ਇਸ ਪਰਿਭਾਸ਼ਾ ਵਿਚ ਜਿੱਥੇ ਗੁਰੂ ਸਾਹਿਬਾਨ ਦੁਆਰਾ ਹੱਥੀਂ ਕਿਰਤ ਕਰਨ ਦਾ ਫ਼ਲਸਫਾ *'ਆ ਬੀਬੀ ਨੀ ਵਿਹੜੇ ਸਾਡੇ, ਮੇਟ ਦਿਲਾਂ 'ਚੋਂ ਨਫ਼ਰਤ, ਕਰ ਹੱਥਾਂ ਨੂੰ ਹਰਕਤ ਜੋਗੇ, ਬਣ ਹਰਫਾਂ ਦੀ ਬਰਕਤ'* ਰਾਹੀਂ ਦ੍ਰਿਸ਼ਟਮਾਨ ਹੁੰਦਾ ਹੈ ਉੱਥੇ ਨਾਲ ਹੀ ਉਹ ਸਮੁੱਚੀ ਕਾਇਨਾਤ ਵਿਚ ਪੱਸਰੇ ਕਾਦਰ ਦੇ ਵੱਖ-ਵੱਖ ਰੂਪ, ਭੇਦ ਅਤੇ ਜਲੌਆਂ ਨੂੰ ਤੱਕਣ ਦਾ ਵੀ ਹਾਮੀ ਹੈ ਕਿਉਂਕਿ ਮਨੁੱਖ ਬਹੁਤੀ ਵਾਰ ਕੁਦਰਤ ਦੇ ਉਹਨਾਂ ਰੰਗਾਂ ਤੋਂ ਅਭੇਦ ਹੀ ਰਹਿ ਜਾਂਦਾ ਜਿੰਨਾਂ ਤੱਕ ਉਸਦਾ ਕੋਈ ਸਵਾਰਥ ਨਹੀਂ ਛੁਪਿਆ ਹੁੰਦਾ। ਮਨੁੱਖੀ ਅੱਖ ਦੀ ਇਹ ਸੁਭਾਵਿਕ ਪ੍ਰਵਿਰਤੀ ਹੈ ਕਿ ਇਹ ਉਨਾਂ ਕੁ ਦੇਖਦੀ ਹੈ ਜਿਸ ਵਿਚ ਇਸਦਾ ਕੋਈ ਫਾਇਦਾ ਛੁਪਿਆ ਹੁੰਦਾ। ਨਵਤੇਜ ਭਾਰਤੀ ਜੀ ਦੇ ਕਹਿਣ ਅਨੁਸਾਰ "ਮਨੁੱਖ ਨੂੰ ਆਪਣੀ ਬਾਰੀ ਦੇ ਬਾਹਰ ਖੜ੍ਹਾ ਦਰਖ਼ਤ ਵੀ ਉਨੀਂ ਦੇਰ ਨਹੀਂ ਦਿਸਦਾ ਜਿੰਨੀ ਦੇਰ ਉਸ ਉੱਪਰ ਬਿਜਲੀ ਨਹੀਂ ਡਿੱਗ ਜਾਂਦੀ, ਕਿਉਂ ਕਿ ਮਨੁੱਖ ਹਾਦਸੇ ਦੇਖਣ ਦਾ ਆਦੀ ਹੋ ਗਿਆ", ਪਰ ਕੋਮਲ ਬਰਕਤਾਂ ਦੇ ਖਜ਼ਾਨੇ ਨਾਲ ਭਰੇ ਵੱਖ-ਵੱਖ ਰੰਗਾਂ ਦੀ ਬਾਤ ਪਾਉਂਦਾ ਆਖਦਾ ਕਿ -

*ਸੌ ਰੰਗ ਇਸ਼ਕੇ ਦੇ*

*ਤੈਨੂੰ ਕਿਹੜਾ ਕਿਹੜਾ ਖੋਲ੍ਹ ਕੇ ਵਿਖਾਵਾਂ*

*ਇਕ ਰੰਗ ਧਰਤੀ ਦਾ*

*ਜਿਥੇ ਘੁਲ਼ ਗਈਆਂ ਉਮਰਾਂ ਲੰਮੇਰੀਆਂ*

*ਇਕ ਰੰਗ ਅੰਬਰਾਂ ਦਾ*

*ਜਿਥੇ ਰੰਗਾਂ ਦੀਆਂ ਵਗਣ ਹਨ੍ਹੇਰੀਆਂ*

*ਧੁੱਪਾਂ 'ਚ ਰੰਗ ਰੁੱਖੜੇ ਦਾ*

*ਆਜਾ ਮਾਣ ਲੈ ਬੈਠ ਵਿਚ ਛਾਵਾਂ ....*

*ਇਕ ਰੰਗ ਮਾਪਿਆਂ ਦਾ*

*ਰੰਗੀ ਜਾਣ ਜੋ ਉਡੀਕਾਂ ਬਹਿ ਬਹਿ ਕੇ*

*ਇਕ ਰੰਗ ਭੈਣ ਜਿਹਾ*

*ਮੂੰਹ ਥੱਕਦਾ ਨਹੀਂ ਵੀਰਾ ਵੀਰਾ ਕਹਿ ਕੇ*

*ਇਕ ਰੰਗ ਦਾਦੀ ਵਰਗਾ*

*ਮੱਥਾ ਚੁੰਮਦਾ ਤੇ ਦਿੰਦਾ ਏ ਦੁਆਵਾਂ ...*[6]

'ਬਰਕਤ' ਵਿਚਲੀਆਂ ਬਹੁਤੀਆਂ ਕਵਿਤਾਵਾਂ ਸਮੁੱਚੀ ਕਾਇਨਾਤ ਵਿਚਲੀਆਂ ਬਰਕਤਾਂ ਦੀ ਨਿਸ਼ਾਨਦੇਹੀ ਕਰਦੀਆਂ ਜਿੱਥੇ ਕੁਦਰਤੀ ਰੰਗਾਂ ਦੀ ਉਸਤਤੀ ਕਰਦੀਆਂ ਹਨ ਉੱਥੇ ਇਹ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਬਰਕਤ ਸਾਡੇ ਤੋਂ ਨਹੀਂ ਸਗੋਂ ਅਸੀਂ ਬਰਕਤਾਂ ਤੋਂ ਖੁੰਝੇ ਹਾਂ। ਬਰਕਤਾਂ ਤਾਂ ਅੱਜ ਵੀ ਸਾਡੇ ਇਰਦ-ਗਿਰਦ ਘੁੰਮ ਰਹੀਆਂ ਹਨ ਪਰ ਬੰਦਾ ਪਦਾਰਥਕ ਚਕਾਚੌਂਧ ਤੇ ਵਸਤਾਂ ਦੀ ਬਹੁਲਤਾ ਵਿਚ ਐਨਾ ਕੁ ਗਵਾਚ ਗਿਆ ਕਿ ਉਹ ਆਪਣੇ ਅਮੀਰ ਵਿਰਸੇ ਦੀਆਂ ਬਰਕਤਾਂ ਜਿਸਨੂੰ ਉਸਨੇ 'ਸ਼ਬਦ ਗੁਰੂ' ਦਾ ਮੈਟਾਫ਼ਰ ਦਿੱਤਾ, ਉਸ ਤੋਂ ਵੀ ਕਿਨਾਰਾ ਕਰ ਬੈਠਾ। ਸ਼ਾਇਦ ਤਾਂ ਹੀ ਉਸ ਅੰਦਰ ਖਲਾਅ ਅਤੇ ਇਕੱਲਾਪਨ ਐਨਾ ਵੱਧ ਗਿਆ ਕਿ ਬਰਕਤਾਂ ਉਸਤੋਂ ਕੋਹਾਂ ਦੂਰ ਹੋ ਗਈਆਂ ਜਾਪਦੀਆਂ। ਸਿੱਟੇ ਵਜੋਂ ਬਰਕਤਾਂ ਨਾਲ ਭਰੇ ਪੰਜਾਬ ਦਾ ਮੈਟਾਫ਼ਰ ਦਿਨੋਂ-ਦਿਨ ਖਾਲੀ ਹੁੰਦੇ ਜਾ ਰਹੇ ਪੰਜਾਬ ਵਿਚ ਸ਼ਿਫਟ ਹੁੰਦਾ ਹੋਇਆ ਕੰਗਾਲੀ ਦਾ ਉਹ ਸੰਵਾਦ ਉਸਾਰ ਰਿਹਾ ਜਿਸ ਵਿਚੋਂ ਪਰਵਾਸ ਨਾਂ ਦਾ ਦੈਤ ਪੰਜਾਬ ਦੀ ਨੌਜਵਾਨੀ ਨੂੰ ਢਾਹ ਲਾਉਂਦਾ ਸਮਕਾਲ ਵਿਚ ਬੜੀ ਵੱਡੀ ਚਿੰਤਾ ਦਾ ਵਿਸ਼ਾ ਬਣ ਕੇ ਉੱਭਰਦਾ ਹੈ, ਮਸਲਨ –

*ਸਾਨੂੰ ਲੱਗਿਆ ਸ਼ੌਕ ਵਲੈਤ ਦਾ, ਸਾਨੂੰ ਆਉਂਦੇ ਡਾਲਰ ਖਾਬ*

*ਅੱਜ ਕਿਉਂ ਬੇਗਾਨਾ ਜਾਪਦੈ, ਸਾਨੂੰ ਆਪਣਾ ਦੇਸ ਪੰਜਾਬ*

*ਸਾਨੂੰ ਕੱਚੀਆਂ ਗੜ੍ਹੀਆਂ ਯਾਦ ਨਾ, ਭੁੱਲੇ ਖਿਦਰਾਣੇ ਦੀ ਢਾਬ*

*ਸ਼ਬਦ ਗੁਰੂ ਤੋਂ ਖੁੰਝ ਕੇ, ਸਾਨੂੰ ਕਿੰਝ ਲੱਗਣਗੇ ਭਾਗ ?*[7]

'ਬਰਕਤ' ਬਾਹਰੀ ਪਦਾਰਥਾਂ ਦੀ ਨਹੀਂ ਸਗੋਂ ਰੱਬੀ ਬਰਕਤਾਂ ਦੀ ਗੱਲ ਕਰਦੀ ਹੈ। ਇਹ ਧੁਰ ਅੰਦਰਲੀਆਂ ਬਰਕਤਾਂ ਦੀ ਗੱਲ ਛੇੜਦੀ ਹੈ। ਇਹ ਕੁਦਰਤ ਦੀ ਕਵਿਤਾ ਹੈ ਸੋ ਇਹ ਵਾਰ-ਵਾਰ ਕੁਦਰਤੀ ਬਰਕਤਾਂ ਦੀ ਗੱਲ ਕਰਦੀ ਹੈ। ਹੇਠਲੀ ਕਾਵਿ-ਟੂਕ ਵਿਚ ਮਸਲਾ ਭਾਵੇਂ ਬੰਦੇ ਦੀ ਵਿਹਾਰਕਤਾ ਦਾ ਹੈ ਪਰ 'ਲੇਖਾਂ ਵਿਚ ਤਾਰੇ ਚਮਕਣੇ' ਅੰਦਰੂਨੀ ਧੁਰ ਅੰਦਰ ਵਸੀ ਬਰਕਤ ਦਾ ਮੈਟਾਫ਼ਰ ਹੈ, ਜੋ ਸਮੁੱਚੀ ਕਵਿਤਾ ਨੂੰ ਦਾਰਸ਼ਨਿਕ ਵਿਚਾਰਾਂ ਨਾਲ ਜੋੜ ਦਿੰਦਾ ਹੈ, ਮਸਲਨ-

*ਰੀਝਾਂ ਨੇ ਪਾਈ ਕਿੱਕਲੀ ਰੁੱਤਾਂ ਨੂੰ ਭਾਈ ਨਾ ਜੇ*

*ਜਿਹੜੀ ਗੱਲ ਮੇਚ ਅਸਾਡੇ ਗੀਤਾਂ ਦੇ ਆਈ ਨਾ ਜੇ*

*ਕਿਧਰੇ ਜੇ ਪੈ ਗਏ ਪੱਲੜੇ ਸੋਚਾਂ ਦੇ ਭਾਰੇ ਵੇ*

*ਲੇਖਾਂ ਵਿਚ ਕਿੰਝ ਚਮਕਣਗੇ ਕਿਸਮਤ ਦੇ ਤਾਰੇ ਵੇ ...*[8]

ਕੋਮਲ ਅਨੁਸਾਰ ਇਸ਼ਕ ਹੀ ਸਭ ਤੋਂ ਵੱਡੀ ਬਰਕਤ ਹੈ ਜੋ ਸਾਰੀ ਕਾਇਨਾਤ ਵਿਚ ਪੱਸਰੀ ਹੈ। ਇਹ ਗੱਲ ਭਾਵੇਂ ਕੋਈ ਨਵੀਂ ਨਹੀਂ ਕਿਉਂਕਿ ਮੱਧਕਾਲੀ ਕਵਿਤਾ ਵਿਚ ਗੁਰਮਤਿ ਕਾਵਿ, ਸੂਫੀ ਕਾਵਿ ਅਤੇ ਕਿੱਸਾ ਕਾਵਿ ਇਸ ਗੱਲ ਦੀ ਗਵਾਹੀ ਭਰਦੇ ਹੋਏ ਇਸ਼ਕ ਹਕੀਕੀ ਅਤੇ ਇਸ਼ਕ ਮਜਾਜੀ ਰਾਹੀਂ 'ਜਿਨੁ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਵਰਗਾ ਆਪੋ-ਆਪਣਾ ਬਿਰਤਾਂਤ ਸਿਰਜਦੇ ਹਨ ਪਰ ਸਮਕਾਲ ਤੱਕ ਆਉਂਦਿਆਂ ਇਸ਼ਕ ਕੇਵਲ ਹਵਸ, ਖੁਦਗਰਜ਼ੀ, ਸਰੀਰਕ ਲੋੜ, ਭੁੱਖ, ਹੜੱਪਣ, ਹਿੰਸਾ ਅਤੇ ਕਬਜਾ ਕਰਨ ਵਰਗੇ ਨਾਕਾਰਾਤਮਕ ਅਰਥਾਂ ਦਾ ਸੰਚਾਰ ਕਰਨ ਲੱਗਾ ਹੈ ਜਿਸ ਵਿਚ ਕਵੀ ਵੱਲੋਂ ਇਸਦੀ ਦੁਬਾਰਾ ਗੱਲ ਛੇੜਨੀ ਇਸ਼ਕ ਦੇ ਹਾਂ-ਮੂਲਕ ਪ੍ਰਵਚਨ ਦਾ ਮੁੜ ਆਗਾਜ਼ ਹੈ, ਜਿਸਦੀ ਸ਼ਲਾਘਾ ਕਰਨੀ ਬਣਦੀ ਹੈ, ਮਸਲਨ -

*ਚੂੜੀਆਂ ਨੂੰ ਚਾਅ ਚੜ੍ਹਿਆ*

*ਤੇਰੀ ਵੀਣੀ 'ਚ ਫੱਬਣ ਸਤਰੰਗੀਆਂ*

*ਇਹ ਖੁਸ਼ਬੂ ਲਿਆਉਂਦੀਆਂ ਤੇਰੀ*

*ਮੈਨੂੰ ਲੱਗਣ ਹਵਾਵਾਂ ਤਾਹੀਂ ਚੰਗੀਆਂ*

*ਮੌਸਮਾਂ ਦੀ ਮਰਜ਼ੀ ਦੇ*

*ਮੈਂ ਕਿਵੇਂ ਨਾ ਤਰਾਨੇ ਦੱਸ ਗਾਵਾਂ ...*[9]

ਬਰਕਤ, ਜ਼ਿੰਦਗੀ ਪ੍ਰਤੀ ਹਾਂ-ਮੁਖੀ ਦ੍ਰਿਸ਼ਟੀਕੋਣ ਹੈ। ਕਵੀ ਇਸਦੀ ਭੂਮਿਕਾ ਵਿਚ ਹੀ ਇਸ ਗੱਲ ਦੀ ਹਾਮੀ ਭਰਦਾ ਹੈ ਕਿ, "ਮੈਂ ਹਮੇਸ਼ਾਂ ਇਸ ਗੱਲ ਦੀ ਹਾਮੀ ਭਰਾਂਗਾ ਕਿ ਕਵਿਤਾ ਪੜ੍ਹ ਕੇ ਕੋਈ ਜਿਉਣ ਦੀ ਗੱਲ ਕਰੇ, ਮਰ ਤਾਂ ਅਸੀਂ ਜਾਣਾ ਹੀ ਹੈ।"[12] ਬਰਕਤ ਵਿਚਲੀਆਂ ਕਵਿਤਾਵਾਂ ਕੁਦਰਤੀ ਵਰਤਾਰਿਆਂ ਵਿਚ ਆਪਣੀ ਸੋਚਣ ਸ਼ਕਤੀ ਸਦਕਾ ਕਿਸੇ-ਕਿਸਮ ਦਾ ਵਿਘਨ ਨਹੀਂ ਪਾਉਣਾ ਲੋਚਦੀਆਂ ਬਲਕਿ ਇਹ ਜਿਵੇਂ ਹੈ, ਉਸਨੂੰ ਉਵੇਂ ਹੀ ਪ੍ਰਵਾਨ ਹੈ ਦੀ ਹਾਮੀ ਭਰਦੀਆਂ ਹਨ। ਦੂਜਾ ਇਹ ਬੌਧਿਕ ਫ਼ਲਸਫੇ ਦੇ ਤਹਿਤ ਗਿਆਨ ਵੰਡਣ ਜਾਂ ਗਿਆਨ ਨੂੰ ਸਮਝਣ ਦਾ ਫੋਕਾ ਵਿਖਾਵਾ ਨਹੀਂ ਕਰਦੀਆਂ। ਇਹ ਕੁਦਰਤੀ

ਵਰਤਾਰਿਆ ਵਿਚ ਕਿਸੇ ਕਿਸਮ ਦੀ ਢੁੱਚ ਡਾਹ ਕੇ ਆਪਣੀ ਬੌਧਿਕਤਾ ਜਾਂ ਹਉਂ ਨੂੰ ਪੱਠੇ ਪਾਉਣ ਦੀ ਥਾਂ ਦਿਸ ਰਹੇ ਵਰਤਾਰੇ ਨੂੰ ਉਵੇਂ ਸਹਿਜਤਾ ਨਾਲ ਮਾਨਣ ਦਾ ਪੱਖ ਪੂਰਦੀਆਂ ਹਨ –

*ਤੈਨੂੰ ਪਤੈ*
*ਜੇ ਤੇਰੇ ਦੰਦਾਂ 'ਚ ਆਹ ਥੋੜ੍ਹੀ ਕੁ ਟੇਢ ਨਾ ਹੁੰਦੀ*
*ਤਾਂ, ਤੂੰ ਐਨੀ ਸੁਹਣੀ ਨਹੀਂ ਸੀ ਲੱਗਣਾ*
*ਤੇਰਾ ਰੰਗ ਜੇ ਕਿਤੇ*
*ਹੋਰ ਗੋਰਾ ਹੁੰਦਾ*
*ਤਾਂ ਵੀ ਫ਼ਰਕ ਪੈ ਜਾਣਾ ਸੀ*
*ਝੁਮਕੇ ਪਾਉਣ ਦਾ ਸੁਹਜ*
*ਜੇ ਤੇਰੀ ਦਾਦੀ ਦੀਆਂ ਪਿੱਪਲ ਪੱਤੀਆਂ 'ਚੋਂ*
*ਚਲ ਕੇ ਨਾ ਆਉਂਦਾ ਤੇਰੇ ਕੋਲ*
*ਤਾਂ ਤੇਰੇ ਕੰਨਾਂ ਨੇ ਬੜੇ ਉਦਾਸ ਹੋਣਾ ਸੀ …*
*ਤਾਂ ਸ਼ਾਇਦ*
*ਇਹ ਖਿਆਲ ਅੱਖਰਾਂ ਦਾ ਚੋਲਾ ਨਾ ਪਾਉਂਦੇ*
*ਮੇਰੇ ਕੋਲ ਅੱਖਾਂ ਤਾਂ ਹੁੰਦੀਆਂ*
*ਪਰ ਨਜ਼ਰ ਨਾ ਹੁੰਦੀ…*[10]

ਕੋਮਲ ਜਿੱਥੇ-ਜਿੱਥੇ ਕੁਦਰਤੀ ਬਰਕਤਾਂ ਦੇ ਰੂਪਾਂ ਦੀ ਗੱਲ ਕਰਦਾ ਹੈ ਉਸਦਾ ਦ੍ਰਿਸ਼ਟੀਕੋਣ ਬਾ-ਕਮਾਲ ਦਾ ਹੈ। ਉਸ ਅਨੁਸਾਰ ਕੁਦਰਤੀ ਵਰਤਾਰੇ ਵੀ ਕਿਸੇ ਨਾ ਕਿਸੇ ਪਿਆਰ ਦੇ ਬੰਧਨ ਵਿਚ ਬੱਝੇ ਹੋਏ ਹੀ ਬਰਕਤਾਂ ਵੰਡ ਰਹੇ ਨੇ, ਦੂਜੇ ਪਾਸੇ ਜੇਕਰ ਦੇਖੀਏ ਤਾਂ ਇਹ ਵਰਤਾਰੇ ਕੁਝ ਨਾ ਕੁਝ ਦੇਮਸ ਕੇ ਬਰਕਤਾਂ ਵੰਡ ਰਹੇ ਹਨ ਪਰ ਮਨੁੱਖ ਕੁਝ ਦੇਣ ਦੀ ਥਾਂ ਸਭ ਕੁਝ ਪਾ ਲੈਣ ਨੂੰ ਹੀ ਬਰਕਤਾਂ ਸਮਝਦਾ, ਮਸਲਾ ਤਾਂ ਇਸਨੂੰ ਸਮਝਣ ਦਾ ਹੈ –

*ਧਰਤੀ ਪਤਾ ਨਹੀਂ*
*ਕਿਹੜੇ ਚਾਅ 'ਚ ਘੁੰਮੀ ਹੀ ਜਾ ਰਹੀ*
*ਸੂਰਜ ਪਤਾ ਨਹੀਂ*
*ਕਿਸ ਦੇ ਵਿਯੋਗ 'ਚ ਤਪਦਾ ਹੀ ਰਹਿੰਦਾ*
*ਅਸਮਾਨ ਦੇ ਵਿਹੜੇ*
*ਤਾਰਿਆਂ ਨੂੰ ਖੇਡਣੋਂ ਕੋਈ ਨਹੀਂ ਰੋਕਦਾ*
*ਚੰਨ, ਸਮੁੰਦਰੀ ਪਾਣੀਆਂ ਨਾਲ ਅਠਖੇਲੀਆਂ ਕਰਦਾ*
*ਅੱਧਾ, ਪੌਣਾ, ਚੱਪਾ*
*ਸਬੂਤਾ ਹੁੰਦਾ ਰਹਿੰਦਾ*
*ਪਹਾੜਾਂ ਕੋਲੋਂ ਭੇਦ*
*ਸੰਭਾਲੇ ਨਹੀਂ ਜਾਂਦੇ ਜਦੋਂ*
*ਤਾਂ ਜਵਾਲਾਮੁਖੀ ਬਣ ਕੇ ਫੁੱਟ ਪੈਂਦੇ ਨੇ*
*ਤੇ ਬੰਦਾ ਬਸ*
*ਜਿੱਤਾਂ ਦੇ ਮੱਥੇ ਚੁੰਮਣ ਲਈ ਹੀ ਪੈਦਾ ਨਹੀਂ ਹੋਇਆ*
*ਜੇ ਉਸ ਨੂੰ ਹਾਰ ਜਾਣ ਦੀ ਬਰਕਤ ਦਾ ਨਹੀਂ ਪਤਾ !* [11]

ਕਵੀ ਅਨੁਸਾਰ ਜਿੱਥੇ ਮਿਲਣਾ ਬਰਕਤ ਹੈ ਉੱਥੇ ਵਿੱਛੜਨਾ ਵੀ ਬਰਕਤ ਹੈ, ਫ਼ਰਕ ਸਿਰਫ਼ ਐਨਾ ਕੁ ਹੈ ਕਿ ਅਸੀਂ ਉਸ ਬਰਕਤ ਨੂੰ ਹਾਲੇ ਤੱਕ ਪਛਾਨਣ ਦੀ ਥਾਂ ਉਸ ਦਾ ਰੁਦਨ ਕੀਤਾ ਹੈ ਪਰ ਕੋਮਲ ਦੀ ਖ਼ੂਬਸੂਰਤੀ ਇਸ ਗੱਲੋਂ ਵਧੇਰੇ ਹੈ ਕਿ ਉਸਨੇ ਰੁਦਨ ਦਾ ਪੱਲਾ ਛੱਡ ਕੇ ਉਸਨੂੰ ਵੀ ਮਾਨਣ ਦੀ ਹਾਮੀ ਭਰੀ ਹੈ-

*ਸ਼ਾਮ ਦਾ ਇਹ ਰੰਗ*
*ਮੈਨੂੰ ਡੰਗਣੇ ਨੂੰ ਫਿਰਦਾ ਏ*
*ਡੰਗਣੇ ਨੂੰ ਫਿਰੇ ਤੇਰੀ ਯਾਦ ਵੇ*
*ਖਿਆਲ ਦਿਆਂ ਧਾਗਿਆਂ 'ਚ*
*ਹੋਰ ਗੂੜ੍ਹੀ ਹੋ ਗਈ*
*ਤੇਰੇ ਹਾਸਿਆਂ ਲਈ ਕੀਤੀ ਫਰਿਆਦ ਵੇ*
*ਮੱਥੇ 'ਚੋਂ ਤਿਊੜੀਆਂ*
*ਗਟਾਰ ਬਣ ਉੱਡ ਗਈਆਂ*
*ਗੱਲਾਂ ਵਿਚ ਘੁਲਿਆ ਸਰੂਰ ਵੇ*
*ਐਵੇਂ ਤਾਂ ਨਹੀਂ ਲੋਰ ਵਿਚ*
*ਚੰਨ ਤਾਰੇ ਚੜ੍ਹੇ ਅੱਜ*
*ਤੂੰ ਵੀ ਯਾਦ ਕੀਤਾ ਹੋਊ ਜ਼ਰੂਰ ਵੇ …*[12]

ਮਨੁੱਖੀ ਨੰਗੀ ਅੱਖ ਇਸ ਬ੍ਰਹਿਮੰਡ ਵਿਚਲੇ ਬੜੇ ਪਸਾਰੇ ਦੇਖਦੀ ਹੈ, ਪਰ ਇਹ ਉਨ੍ਹਾਂ ਕੁ ਦੇਖਦੀ ਹੈ ਜਿੰਨੇ ਕੁ 'ਚ ਇਸਦਾ ਸਵਾਰਥ ਲੁਕਿਆ ਹੁੰਦਾ। ਮਨੁੱਖੀ ਅੱਖ ਅੱਗੋਂ ਹਉ ਦੀ ਝਿੱਲੀ ਇਸ ਬ੍ਰਹਿਮੰਡ ਵਿਚ ਪੱਸਰੇ ਅਨੰਤ ਵਰਤਾਰੇ ਨੂੰ ਦੇਖਣ ਹੀ ਨਹੀਂ ਦਿੰਦੇ ਜਿਸ ਕਰਕੇ ਬਹੁਤੀਆਂ ਬਰਕਤਾਂ ਮਨੁੱਖ ਤੋਂ ਬੇਲਾਗ ਹੀ ਪਈਆ ਰਹਿ ਜਾਂਦੀਆ ਹਨ। ਕੋਮਲ ਦੀ ਕਵਿਤਾ ਨਾ ਦਿਸਦੇ ਵਰਤਾਰੇ ਨੂੰ ਦਿਖਾਉਣ ਦਾ ਇਕ ਕਾਵਿਕ ਯਤਨ ਹੈ। ਉਸਨੇ ਉਹਨਾਂ ਨਿੱਕੇ ਵਰਤਾਰਿਆਂ ਬਾਰੇ ਵੀ ਲਿਖਣ ਦੀ ਕੋਸ਼ਿਸ਼ ਕੀਤੀ ਹੈ ਜਿੰਨਾਂ ਬਾਰੇ ਆਮ ਲੋਕ ਅੱਖਾਂ ਮੁੰਦ ਕੇ ਲੰਘ ਜਾਂਦੇ ਹਨ, ਪਰ ਕੋਮਲ ਦੀ ਕਵਿਤਾ ਅਜਿਹੇ ਨਿੱਕੇ ਅਤੇ ਆਮ

ਵਰਤਾਰਿਆਂ ਵਿਚੋਂ ਵੀ ਬਰਕਤਾਂ ਦੀ ਨਿਸ਼ਾਨਦੇਹੀ ਕਰਦੀ ਦੇਖੀ ਜਾ ਸਕਦੀ ਹੈ। ਇਸ ਪੁਸਤਕ ਵਿਚੋਂ ਇਕ ਕਵਿਤਾ 'ਫੁੱਲ ਵੇਚਦੀ ਕੁੜੀ ਦੇ ਨਾਂ' ਵਿਚ ਉਹ ਬਰਕਤਾਂ ਤੋਂ ਸੱਖਣੀ ਕੁੜੀ ਦੀ ਗਾਥਾ ਉਲੀਕਦਾ ਆਖਦਾ ਹੈ –

*ਜਿਹੜੀ ਉਮਰੇ ਰੰਗ ਸੀ ਚੁਣਨੇ*
*ਤਿਤਲੀਆਂ ਪਿੱਛੇ ਭੱਜਣਾ ਸੀ*
*ਪੰਛੀਆਂ ਵਾਂਗਰ ਉੱਡਣਾ ਸੀ ਤੇ*
*ਨਾਲ ਹਵਾਵਾਂ ਵਗਣਾ ਸੀ*
*ਕੋਰੇ ਮੱਥੇ ਵਿਚ ਸੁੱਚੀ ਜਦ*
*ਸ਼ਬਦ ਸੁਰਤ ਨੇ ਜਗਣਾ ਸੀ*
*ਨੈਣੀਂ ਸੁਪਨੇ ਉੱਗਣੇ ਸਨ*
*ਮਨ ਵਿਚ ਜਗਿਆਸਾ ਮਘਣਾ ਸੀ*
*ਸੋਚਿਆਂ ਨਹੀਂ ਸੀ ਉਹ ਵਰ੍ਹਾ ਵੀ*
*ਏਨਾਂ ਕੌੜਾ ਲੱਗਣਾ ਸੀ*
*ਸਾਨੂੰ ਖੁਸ਼ਬੂ, ਰੰਗਾਂ ਨੇ*
*ਏਦਾਂ ਵੀ ਮਿਲ ਕੇ ਠੱਗਣਾ ਸੀ ...*[13]

ਕਵੀ ਅਨੁਸਾਰ ਕੁਦਰਤੀ ਬਖਸ਼ਿਸ਼ਾਂ ਤੇ ਬਰਕਤਾਂ ਦੇ ਸੋਹਿਲੇ ਗਾਉਣਾ ਹੀ ਅਸਲ ਗੀਤ ਹੈ। ਇੱਥੇ ਸ਼ਬਦ 'ਗੀਤ' ਬਰਕਤਾਂ ਦੇ ਮੈਟਾਫ਼ਰ ਵਜੋਂ ਕੰਮ ਕਰਦਾ ਦੇਖਿਆ ਜਾ ਸਕਦਾ ਹੈ –

*ਗੀਤ ਕੋਈ ਫਿਰਤਾਂ ਵਾਲਾ*
*ਗੀਤ ਕੋਈ ਕਿਰਤਾਂ ਵਾਲਾ*
*ਗੀਤ ਵੰਡ ਛਕੇ-ਛਕਾਵੇ*
*ਗੀਤ ਜਿਹੜਾ ਬਾਣੀ ਗਾਵੇ*
*ਗੀਤ ਜਿਹੜਾ ਨਾਮ ਧਿਆਵੇ*
*ਗੀਤ ਉਹਦੀ ਅੱਖ ਦਾ ਸੁਰਮਾ*
*ਗੀਤ ਉਹਦਾ ਤੁਰਨਾ ਤੁਰਨਾ*
*ਗੀਤ ਉਹਦੀ ਦੀਦ ਨਜ਼ਾਰੇ*
*ਰਾਤੀਂ ਜਿਉਂ ਚਮਕਣ ਤਾਰੇ ...*[14]

ਆਧੁਨਿਕ ਬੰਦੇ ਨੇ ਬਰਕਤਾਂ ਨੂੰ ਆਪ ਮਿੱਟੀ 'ਚ ਰੋਲਿਆ ਹੈ। ਵਾਤਾਵਰਨ ਦੇ ਸੰਦਰਭ ਵਿਚ ਉਸਨੇ ਰੱਬੀ ਬਰਕਤਾਂ ਵੱਲ ਅਜਿਹੀ ਪਿੱਠ ਕੀਤੀ ਹੈ ਕਿ ਬਰਕਤਾਂ ਉਸ ਕੋਲੋਂ ਖੁੱਸ ਰਹੀਆਂ ਹਨ ਤਾਂ ਅੱਜ ਉਸਨੂੰ ਵਾਤਾਵਰਨ ਵਿਗਾੜ ਵਰਗੀਆਂ ਕਈ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਹੇਠਲੀ ਕਵਿਤਾ ਵਿਚ ਕੋਮਲ ਵਾਤਾਵਰਨ ਵਰਗੇ ਸੰਵੇਦਨਸ਼ੀਲ ਮਸਲੇ ਸਬੰਧੀ ਮਨੁੱਖ ਨੂੰ ਹਲੂਣਦਾ ਹੋਇਆ ਆਖਦਾ ਕਿ –

*ਸੀ ਧੁੱਪਾਂ ਦੇ ਗਿੱਧੇ ਤੇ ਮੇਲਣ ਹਵਾਵਾਂ*
*ਹੁਣ ਧੂੰਏਂ 'ਚ ਕਿਦਾਂ ਜੀ ਖੇਲਣ ਹਵਾਵਾਂ*
*ਕੀ ਖੇਲਣ ਨਿਆਣੇ ਕੀ ਵਿਚਰਨ ਸਿਆਣੇ*
*ਅਸੀਂ ਕੰਮ ਕੀਤੇ ਨੇ ਖੁਦ ਜਾਨ ਖਾਣੇ*
*ਚੱਲੇ ਸੀ ਕਿੱਥੋਂ , ਕਿੱਥੇ ਆ ਗਏ ਹਾਂ*
*ਅਸੀਂ ਸਾਡੇ ਹਿੱਸੇ ਦੀ ਲੋਅ ਖਾ ਗਏ ਹਾਂ*
*ਅਸੀਂ ਮੈਲਾ ਕੀਤਾ ਏ ਕੁਦਰਤ ਦਾ ਜਾਮਾ*
*ਸਿਰ ਸਾਡੇ ਬੋਲੇ, ਕਈ ਰੁੱਖਾਂ ਦਾ 'ਲ੍ਹਾਮਾਂ ...*
*ਧਰਤੀ ਦੇ ਪੁੱਤਰੋ, ਕਿਤੇ ਧਰਤੀ ਨਾ ਰੁੱਸ ਜੇ*
*ਕਾਹਲਾਂ ਦੇ ਵਿਚ ਕਿਧਰੇ ਜੀਵਨ ਨਾ ਖੁੱਸ ਜੇ*
*ਆਪਣੇ ਆਸੇ ਪਾਸੇ ਨੂੰ ਸੰਭਰੋ ਸੰਵਾਰੋ*
*ਕਿਤੇ ਡੁੱਲਜੇ ਨਾ ਝੱਖੜ, ਕੁਝ ਸੋਚ ਵਿਚਾਰੋ ...*[15]

ਕਵੀ ਅਨੁਸਾਰ ਆਪਣੇ ਪਿਆਰੇ ਦੇ ਮਿਲਾਪ ਵਿਚ ਹੀ ਸਭ ਬਰਕਤਾਂ ਹਨ ਮਸਲਾ ਤਾਂ ਇਹ ਹੈ ਕਿ ਕੋਈ ਤੁਹਾਡੀ ਜ਼ਿੰਦਗੀ ਵਿਚ ਅਹਿਮੀਅਤ ਕਿੰਨੀ ਰੱਖਦਾ ਹੈ। ਜੇਕਰ ਤੁਹਾਡਾ ਪਿਆਰਾ ਤੁਹਾਡੇ ਲਈ ਸਭ ਕੁਝ ਹੈ ਤੇ ਦੂਜਾ ਉਹ ਤੁਹਾਡੇ ਕੋਲ ਹੈ ਤਾਂ ਇਸ ਤੋਂ ਵੱਡੀ ਬਰਕਤ ਕੋਈ ਨਹੀਂ –

*ਤੂੰ ਆਇਐਂ ਤਾਂ ਬਦਲ ਗਏ ਨੇ ਮੇਰੇ ਰੂਪ-ਅਕਾਰ*
*ਤੂੰ ਆਇਐਂ ਤਾਂ ਹੋ ਗਿਆ ਮੇਰਾ ਤਿਤਲੀ ਜਿੰਨਾ ਭਾਰ*
*ਤੂੰ ਆਇਐਂ ਵੇ ਲੈ ਕੇ ਆਇਐਂ ਸੁਪਨੇ,ਰੰਗ, ਬਹਾਰ*
*ਤੂੰ ਆਇਐਂ ਤਾਂ ਹੱਸਣ ਲੱਗ ਪਈ ਬਿਖੜੇ ਮਨ ਦੀ ਸਾਰ ....*[16]

*ਤੇਰੇ ਆਉਣ 'ਤੇ ਟਹਿਕਣ ਲੱਗ ਪਏ ਉਮਰ ਦੇ ਰੰਗ ਉਦਾਸੇ*
*ਪਾਣੀ ਲੱਗਪੇ ਗਾਉਣ ਤੇ ਪੌਣਾਂ ਵੰਡਦੀਆਂ ਫਿਰਨ ਪਤਾਸੇ*
*ਤੇਰੇ ਆਉਣ 'ਤੇ ਆਈਆਂ ਕਣੀਆਂ ਟੁੱਟਗੇ ਕੁੱਲ ਚੁਮਾਸੇ*
*ਮੁਸਕਣੀ ਤੇਰੀ ਘੋਲ਼ ਦਿੱਤੇ ਨੇ ਸਭ ਗੱਲਾਂ ਵਿਚ ਹਾਸੇ ...*[17]

ਕਵੀ ਨੂੰ ਕਿਸੇ ਆਪਣੇ ਦੇ ਮਿਲਾਪ 'ਤੇ ਕਿਸੇ ਸਮੇਂ ਉਹ ਸਾਰੀਆਂ ਚੀਜ਼ਾਂ ਬਰਕਤਾਂ ਜਾਪਦੀਆਂ ਨੇ ਤੇ ਜਦੋਂ ਉਹ ਵਿੱਛੜ ਜਾਂਦਾ ਹੈ ਤਾਂ ਉਹੀ ਬੋਝ ਦੇਣ ਵਾਂਗ ਜਾਪਦੀਆਂ ਹਨ। ਕਵੀ ਅਨੁਸਾਰ ਆਪਣੇ ਦੇ ਮਿਲਾਪ ਵਿਚ ਹੀ ਜ਼ਿੰਦਗੀ

ਦੀਆਂ ਤਮਾਮ ਬਰਕਤਾਂ ਨੇ ਨਹੀਂ ਤਾਂ ਚੀਜ਼ਾਂ ਦੀ ਬਹੁਤਾਤ ਵੀ ਮਹਿਜ਼ ਬੋਝਲ ਜਾਪਦੀ ਹੈ, ਮਸਲਨ –

*ਤੇਰੇ ਆਉਣ ਨਾਲ ਹੀ*
*ਭਰਦੀ ਹੈ ਖਾਲੀ ਥਾਂ*
*ਹੋਰ ਕੋਈ ਵੀ ਆਵੇ*
*ਬਸ ਜਗ੍ਹਾ ਘੇਰਦਾ ਹੈ ...*[18]

*ਉਹਦੇ ਤੁਰਨ ਨਾਲ*
*ਧਰਤੀ ਘੁੰਮਦੀ*
*ਹਵਾ ਸਾਹ ਲੈਂਦੀ*
*ਪਾਣੀ ਦੀ ਤ੍ਰੇਹ ਬੁਝਦੀ*
*ਇਹ ਸਭ ਵਰਤਾਰਾ*
*ਉਹਦੇ ਤੁਰਨ ਦੀ ਖੇਡ ਹੈ*
*ਤੇ ਉਹ ਇਸ ਸਭ ਕਾਸੇ ਤੋਂ*
*ਅਣਜਾਣ ਬਣਦਾ*
*ਮਿੱਟੀ ਨਾਲ ਖੇਡਦਾ ਰਹਿੰਦਾ ...*[19]

ਕੋਮਲ ਅਨੁਸਾਰ ਜੇਕਰ ਅਸੀਂ ਮਨ ਦੀਆਂ ਬੂਹੇ-ਬਾਰੀਆਂ ਖੋਲਾਂਗੇ ਤਾਂ ਹੀ ਸਾਨੂੰ ਅਸਲ ਬਰਕਤਾਂ ਦੇ ਦਰਸ਼ਨ-ਦੀਦਾਰੇ ਹੋਣਗੇ ਕਿਉਂਕਿ ਬਰਕਤਾਂ ਖੁੱਲ੍ਹੀਆਂ ਅੱਖਾਂ ਨਾਲ ਵੇਖੇ ਜਾਣ ਵਾਲੇ ਵਰਤਾਰੇ ਦਾ ਜਸ਼ਨ ਹੈ ਨਾਂ ਕਿ ਸੁੱਤੀਆਂ ਅੱਖਾਂ ਨਾਲ ਦੇਖੇ ਸੁਪਨਿਆਂ ਦੀ ਕਲਪਨਾ-

*ਰੰਗਾਂ ਦੇ ਵਿਚ ਮੌਲੇ ਧਰਤੀ*
*ਮੌਲੇ, ਧੀਮਾ ਬੋਲੇ ਧਰਤੀ*
*ਨੀਝਾਂ ਲਾ ਲਾ ਤੱਕੇ ਅੰਬਰ*
*ਤੱਕੇ ਪਰ ਨਾ ਥੱਕੇ ਅੰਬਰ*
*ਖੋਲ੍ਹ ਕੇ ਬੈਠੇ ਚੱਤੋ-ਪਹਿਰ ਹੀ ਬਾਰੀਆਂ*
*ਨੀਂ ਸਾਨੂੰ ਇਹ ਰੁੱਤਾਂ ਬਹੁਤ ਪਿਆਰੀਆਂ ...*[20]

ਇਕ ਗੱਲ ਹੋਰ ਜੋ 'ਬਰਕਤ' ਵਿਚੋਂ ਨਿੱਕਲ ਕੇ ਆਈ ਉਹ ਇਹ ਕਿ ਕੋਮਲ ਅਨੁਸਾਰ ਬਰਕਤਾਂ ਭਾਵੇਂ ਰੱਬੀ ਖਜਾਨੇ ਹੀ ਹਨ ਪਰ ਕਈ ਵਾਰ ਮਨੁੱਖ ਨੂੰ ਇਹ ਆਪ ਕਮਾਉਣੀਆਂ ਵੀ ਪੈਂਦੀਆਂ ਤੇ ਇਹੀ ਨਹੀਂ ਬਲਕਿ ਕਮਾਉਣ ਦੇ ਨਾਲ-ਨਾਲ ਸੰਭਾਲਣੀਆਂ ਵੀ ਪੈਂਦੀਆਂ। ਫਿਰ ਚਾਹੇ ਉਹ ਵਰਤਾਰਾ ਕੁਦਰਤੀ ਸਾਧਨਾ ਦੀ ਸਾਂ-ਸੰਬਾਲ ਦਾ ਹੋਵੇ ਜਾਂ ਫਿਰ ਮਨੁੱਖੀ ਰਿਸ਼ਤਿਆਂ ਦੀ ਸਾਂਭ-ਸ਼ੰਬਾਲ ਦਾ ਮਸਲਾ ਤਾਂ ਇਸ ਪੱਖੋਂ ਸੁਚੇਤਤਾ ਦਾ ਹੈ –

*ਅਸੀਂ ਡੋਲਦੇ ਅਸਮਾਨ ਨੂੰ ਸੰਭਾਲਣਾ ਹਜੇ*
*ਇਸ ਜਜ਼ਬੇ ਨੂੰ ਸੀਨੇ ਵਿਚ ਪਾਲਣਾ ਹਜੇ*
*ਅਸੀਂ ਕਰਾਂਗੇ ਹਵਾਵਾਂ ਉੱਤੇ ਮੀਨਾਕਾਰੀਆਂ*
*ਬਾਕੀ ਬਚਦੇ ਰੁਝੇਵਿਆਂ ਨੂੰ ਟਾਲਣਾ ਹਜੇ ....*[21]

ਸਮੁੱਚੀ ਵਿਚਾਰ ਚਰਚਾ ਦੇ ਆਧਾਰ 'ਤੇ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਕਰਨਜੀਤ ਕੋਮਲ ਦੀ ਪੁਸਤਕ 'ਬਰਕਤ' ਵਿਚਲੀਆਂ ਕਵਿਤਾਵਾਂ ਸਚਮੁੱਚ ਪੰਜਾਬੀਆਂ ਕੋਲੋਂ ਖੁੱਸ ਚੁੱਕੀਆਂ ਬਰਕਤਾਂ ਨਾਲ ਮੁੜ ਟੁੱਟੀ ਗੰਢਣ ਦਾ ਇਕ ਕਾਵਿਕ ਯਤਨ ਹੈ ਜਿਸਦੀ ਪੰਜਾਬੀ ਕਵਿਤਾ ਵਿਚ ਨਿਸ਼ਾਨਦੇਹੀ ਹੋਣੀ ਬਣਦੀ ਹੈ। ਰੁਪਾਕਾਰਕ ਪੱਖੋਂ ਵੀ ਕੋਮਲ ਨੇ ਇਸ ਪੁਸਤਕ ਵਿਚ ਤੁਕਾਂਤਕ ਨਜ਼ਮਾਂ ਅਤੇ ਗੀਤਾਂ ਦਾ ਵਧੇਰੇ ਸਹਾਰਾ ਲਿਆ ਹੈ ਜਦੋਂ ਕਿ ਉਸਦੀਆਂ ਖੁੱਲ੍ਹੀਆਂ ਕਵਿਤਾਵਾਂ ਵਿਚ ਵੀ ਸ਼ਾਬਦਿਕ ਰਿਦਮ ਬਾਕਮਾਲ ਹੈ। ਦ੍ਰਿਸ਼ਟਾਂਤ ਅਤੇ ਰੂਪਕ ਪੱਖੋਂ ਉਸਨੇ ਸਮਕਾਲੀ ਵਰਤਾਰੇ ਵਿੱਚੋਂ ਕਈ ਨਵੇਂ ਪ੍ਰਤੀਕ ਫੜੇ ਹਨ, ਜੋ ਉਸਦੀ ਨਿਵੇਕਲੀ ਸ਼ੈਲੀ ਨੂੰ ਪ੍ਰਭਾਸ਼ਿਤ ਕਰਦੇ ਹਨ। ਸੋ ਸਮੁੱਚੀ ਕਾਵਿ ਪੁਸਤਕ ਵਿਚ ਬਰਕਤਾਂ ਨੂੰ ਪਛਾਨਣ, ਮਾਨਣ ਅਤੇ ਸੰਭਾਲਣ ਦੀ ਗੱਲ ਹੈ, ਇਹ ਵਰਤਾਰਾ ਤਾਂ ਹੀ ਸੰਭਵ ਹੈ ਜਦੋਂ ਮਨੁੱਖ ਆਪਣੇ-ਆਪ ਨੂੰ ਪਛਾਣੇਗਾ ਤੇ ਆਪਣੇ-ਆਪ ਦੀ ਸੰਭਾਲ ਕਰੇਗਾ ਕਿਉਂਕਿ ਆਪਣੇ ਆਪ ਦੀ ਪਛਾਣ ਕਰਨੀ ਹੀ ਸਭ ਤੋਂ ਵੱਡੀ ਬਰਕਤ ਹੈ।

## ਹਵਾਲੇ ਅਤੇ ਟਿੱਪਣੀਆਂ

1. ਕੋਮਲ ਕਰਨਜੀਤ, (2020) ਬਰਕਤ, ਓਨਮ ਪ੍ਰਕਾਸ਼ਨ, ਨਵੀਂ ਦਿੱਲੀ, ਪੰਨੇ: 13-14
2. -ਉਹੀ-, ਪੰਨਾ: 16
3. -ਉਹੀ-, ਪੰਨਾ: 18
4. -ਉਹੀ-, ਪੰਨਾ: 99
5. -ਉਹੀ-, ਪੰਨੇ: 57-58

ISSN (Online): 2583-9446


6. -ਉਹੀ-, ਪੰਨੇ: 35-36
7. -ਉਹੀ-, ਪੰਨੇ: 47-48
8. -ਉਹੀ-, ਪੰਨਾ: 49
9. -ਉਹੀ-, ਪੰਨਾ: 61
10. -ਉਹੀ-, ਪੰਨੇ: 63-64
11. -ਉਹੀ-, ਪੰਨਾ: 86
12. -ਉਹੀ-, ਪੰਨਾ: 89
13. -ਉਹੀ-, ਪੰਨਾ: 95
14. -ਉਹੀ-, ਪੰਨਾ: 97
15. -ਉਹੀ-, ਪੰਨਾ: 100
16. -ਉਹੀ-, ਪੰਨਾ: 109
17. -ਉਹੀ-, ਪੰਨਾ: 110
18. -ਉਹੀ-, ਪੰਨਾ: 112
19. -ਉਹੀ-, ਪੰਨਾ: 121
20. -ਉਹੀ-, ਪੰਨਾ: 124
21. -ਉਹੀ-, ਪੰਨਾ: 126